# CRAFFT ਅਧਿਐਨ: ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਮਰੀਜ਼ ਜਾਣਕਾਰੀ ਪੱਤਰ

## ਗੁੱਟ ਦਾ ਟੁੱਟਣਾ ਕੀ ਹੁੰਦਾ ਹੈ?



ਤੁਹਾਡੇ ਬੱਚੇ ਦੇ ਗੁੱਟ ਦੀ ਹੱਡੀ ਟੁੱਟ ਗਈ ਹੈ ਅਤੇ ਹੱਡੀਆਂ ਆਪਣੀ ਜਗ੍ਹਾ ਤੋਂ ਹਿੱਲ ਗਈਆਂ ਹਨ। ਬੱਚਿਆਂ ਵਿੱਚ ਗੁੱਟ ਦਾ ਟੁੱਟਣਾ ਇੱਕ ਆਮ ਸੱਟ ਹੈ।

11 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ, ਹੱਡੀਆਂ ਅਜੇ ਵੀ ਵਧ ਰਹੀਆਂ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ ਇਸ ਸੱਟ ਵਾਲੇ ਬੱਚਿਆਂ ਦਾ ਇਲਾਜ ਅਕਸਰ ਅਜਿਹੀ ਹੀ ਸੱਟ ਵਾਲੇ ਬਾਲਗਾਂ ਦੇ ਮੁਕਾਬਲੇ ਵੱਖਰੇ ਤਰੀਕੇ ਨਾਲ ਕੀਤਾ ਜਾ ਸਕਦਾ ਹੈ।

## ਇਲਾਜ ਬਾਰੇ



ਤੁਹਾਡੇ ਬੱਚੇ ਦੇ ਗੁੱਟ 'ਤੇ ਪਲਾਸਟਰ ਲਗਾਇਆ ਜਾਵੇਗਾ। ਆਉਣ ਵਾਲੇ ਹਫ਼ਤਿਆਂ ਵਿੱਚ ਹੱਡੀ ਕੁਦਰਤੀ ਤੌਰ 'ਤੇ ਠੀਕ ਹੋ ਜਾਵੇਗੀ ਅਤੇ ਸਿੱਧੀ ਹੋ ਜਾਵੇਗੀ। ਜ਼ਿਆਦਾਤਰ ਬੱਚੇ ਚੰਗੀ ਤਰ੍ਹਾਂ ਠੀਕ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਲੰਬੇ ਸਮੇਂ ਤੱਕ ਕੋਈ ਸਮੱਸਿਆ ਨਹੀਂ ਹੁੰਦੀ।

ਕੁਝ ਸਥਿਤੀਆਂ ਵਿੱਚ, ਸਰਜਰੀ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ। ਤੁਹਾਡਾ ਡਾਕਟਰ ਸਮਝਾਏਗਾ ਕਿ ਤੁਹਾਡੇ ਬੱਚੇ ਦੀ ਵਿਸ਼ੇਸ਼ ਸੱਟ ਲਈ ਕੀ ਸਭ ਤੋਂ ਵਧੀਆ ਹੈ।

## ਸਬੂਤ ਕੀ ਦਰਸਾਉਂਦੇ ਹਨ?

ਡਾਕਟਰਾਂ ਨੂੰ ਹਮੇਸ਼ਾ ਇਹ ਪੱਕਾ ਪਤਾ ਨਹੀਂ ਸੀ ਕਿ ਇਸ ਕਿਸਮ ਦੀ ਸੱਟ ਲਈ ਸਰਜਰੀ ਪਲਾਸਟਰ ਕਾਸਟ ਨਾਲੋਂ ਬਿਹਤਰ ਕੰਮ ਕਰਦੀ ਹੈ ਜਾਂ ਨਹੀਂ। ਇਸੇ ਕਰਕੇ ਖੋਜਕਰਤਾਵਾਂ ਨੇ CRAFFT ਅਧਿਐਨ ਕੀਤਾ - ਯੂਕੇ ਦਾ ਇੱਕ ਵੱਡਾ ਅਧਿਐਨ ਜਿਸ ਵਿੱਚ ਇਸ ਕਿਸਮ ਦੇ ਫਰੈਕਚਰ ਵਾਲੇ 4 ਤੋਂ 10 ਸਾਲ ਦੀ ਉਮਰ ਦੇ 750 ਬੱਚੇ ਸ਼ਾਮਲ ਸਨ। ਅੱਧੇ ਬੱਚਿਆਂ ਦਾ ਇਲਾਜ ਪਲਾਸਟਰ ਨਾਲ ਕੀਤਾ ਗਿਆ ਅਤੇ ਅੱਧਿਆਂ ਦੀ ਸਰਜਰੀ ਕੀਤੀ ਗਈ।

ਅਧਿਐਨ ਵਿੱਚ ਪਾਇਆ ਗਿਆ ਕਿ ਦੋਵਾਂ ਇਲਾਜਾਂ ਦੇ ਨਤੀਜੇ ਵਜੋਂ ਲੰਬੇ ਸਮੇਂ ਦੀ ਰਿਕਵਰੀ ਇੱਕੋ ਜਿਹੀ ਰਹੀ। ਜਿਨ੍ਹਾਂ ਬੱਚਿਆਂ ਦੀ ਸਰਜਰੀ ਹੋਈ ਸੀ, ਉਨ੍ਹਾਂ ਦੀ ਬਾਂਹ ਦੀ ਹਰਕਤ ਵਿੱਚ 3 ਮਹੀਨਿਆਂ 'ਤੇ ਬਹੁਤ ਮਾਮੂਲੀ ਸੁਧਾਰ ਦੇਖਿਆ ਗਿਆ, ਪਰ ਪਰਿਵਾਰਾਂ ਨੇ ਕਿਹਾ ਕਿ ਇਹ ਫਰਕ ਨਾ ਦੇ ਬਰਾਬਰ ਸੀ ਅਤੇ ਆਮ ਤੌਰ 'ਤੇ ਇਹ ਮਹਿਸੂਸ ਕਰਨ ਲਈ ਕਾਫ਼ੀ ਨਹੀਂ ਸੀ ਕਿ ਸਰਜਰੀ ਜ਼ਰੂਰੀ ਸੀ। 6 ਮਹੀਨਿਆਂ ਤੱਕ, ਦੋਵਾਂ ਸਮੂਹਾਂ ਵਿੱਚ ਬਾਂਹ ਦੀ ਹਰਕਤ ਇੱਕੋ ਜਿਹੀ ਸੀ।

ਦੋਵਾਂ ਸਮੂਹਾਂ ਦੇ ਮਾਪੇ ਸ਼ੁਰੂ ਵਿੱਚ ਬਾਂਹ ਦੀ ਦਿੱਖ ਨੂੰ ਲੈ ਕੇ ਚਿੰਤਤ ਸਨ - ਚਾਹੇ ਉਹ ਸਰਜਰੀ ਦੇ ਨਿਸ਼ਾਨਾਂ ਕਰਕੇ ਹੋਵੇ ਜਾਂ ਠੀਕ ਹੋਣ ਦੌਰਾਨ ਆਏ ਮਾਮੂਲੀ ਜਿਹੇ ਮੋੜ ਕਰਕੇ। 6 ਮਹੀਨਿਆਂ ਤੱਕ, ਦੋਵੇਂ ਸਮੂਹ ਦਿੱਖ ਤੋਂ ਬਰਾਬਰ ਖੁਸ਼ ਸਨ।

ਸਰਜਰੀ ਪਰਿਵਾਰਾਂ ਅਤੇ NHS ਲਈ ਵਧੇਰੇ ਜਟਿਲਤਾਵਾਂ ਅਤੇ ਉੱਚੇ ਖਰਚਿਆਂ ਨਾਲ ਜੁੜੀ ਹੋਈ ਸੀ।

ਇਹਨਾਂ ਨਤੀਜਿਆਂ ਦੇ ਆਧਾਰ 'ਤੇ, ਗੁੱਟ ਦੇ ਇਸ ਤਰ੍ਹਾਂ ਦੇ ਫ੍ਰੈਕਚਰ ਵਾਲੇ ਜ਼ਿਆਦਾਤਰ ਬੱਚਿਆਂ ਦਾ ਹੁਣ ਬਿਨਾਂ ਸਰਜਰੀ ਦੇ, ਪਲਸਤਰ ਨਾਲ ਸੁਰੱਖਿਅਤ ਢੰਗ ਨਾਲ ਇਲਾਜ ਕੀਤਾ ਜਾ ਸਕਦਾ ਹੈ।



# ਸਿਹਤਯਾਬੀ ਦੌਰਾਨ ਕੀ ਉਮੀਦ ਕੀਤੀ ਜਾਵੇ

ਸੱਟ ਲੱਗਣ ਤੋਂ ਬਾਅਦ, ਤੁਹਾਡੇ ਬੱਚੇ ਦੇ ਗੁੱਟ ਵਿੱਚ ਦਰਦ ਜਾਂ ਬੇਚੈਨੀ ਮਹਿਸੂਸ ਹੋਣਾ ਆਮ ਗੱਲ ਹੈ । ਦਰਦ ਤੋਂ ਰਾਹਤ ਪਾਉਣ ਲਈ ਸਧਾਰਨ ਦਵਾਈਆਂ, ਜਿਵੇਂ ਕਿ ਪੈਰਾਸੀਟਾਮੋਲ ਜਾਂ ਆਈਬਿਊਪਰੋਫ਼ੈਨ, ਮਦਦਗਾਰ ਹੋ ਸਕਦੀਆਂ ਹਨ। ਪਹਿਲੇ ਕੁਝ ਦਿਨਾਂ ਵਿੱਚ ਸੋਜ ਹੋਣਾ ਆਮ ਗੱਲ ਹੈ ਅਤੇ ਆਮ ਤੌਰ 'ਤੇ ਆਰਾਮ ਕਰਨ ਅਤੇ ਬਾਂਹ ਨੂੰ ਉੱਚਾ ਰੱਖਣ ਨਾਲ ਇਸ ਵਿੱਚ ਸੁਧਾਰ ਹੁੰਦਾ ਹੈ।



ਪਲਸਤਰ ਆਮ ਤੌਰ 'ਤੇ ਕਈ ਹਫ਼ਤਿਆਂ ਲਈ ਲਗਾਇਆ ਜਾਂਦਾ ਹੈ। ਇੱਕ ਵਾਰ ਜਦੋਂ ਇਹ ਹਟਾ ਦਿੱਤਾ ਜਾਂਦਾ ਹੈ, ਤਾਂ ਜਿਵੇਂ-ਜਿਵੇਂ ਹਰਕਤ ਵਿੱਚ ਸੁਧਾਰ ਹੁੰਦਾ ਹੈ, ਤੁਹਾਡਾ ਬੱਚਾ ਹੌਲੀ-ਹੌਲੀ ਬਾਂਹ ਦੀ ਆਮ ਵਰਤੋਂ ਸ਼ੁਰੂ ਕਰ ਸਕਦਾ ਹੈ।

ਜ਼ਿਆਦਾਤਰ ਬੱਚੇ ਤਿੰਨ ਮਹੀਨਿਆਂ ਤੱਕ ਆਪਣੀ ਬਾਂਹ ਦੀ ਵਰਤੋਂ ਕਰਨ ਵਿੱਚ ਵਧੇਰੇ ਭਰੋਸਾ ਮਹਿਸੂਸ ਕਰਦੇ ਹਨ, ਅਤੇ ਆਮ ਤੌਰ 'ਤੇ ਛੇ ਮਹੀਨਿਆਂ ਤੱਕ ਪੂਰੀ ਤਰ੍ਹਾਂ ਠੀਕ ਹੋ ਜਾਂਦੇ ਹਨ।

## ਫਾਲੋ-ਅੱਪ

ਤੁਹਾਡਾ ਹਸਪਤਾਲ ਜਾਂ ਕਲੀਨਿਕ ਫਾਲੋ-ਅੱਪ ਯੋਜਨਾ ਬਾਰੇ ਸਮਝਾਉਣਗੇ। ਜ਼ਿਆਦਾਤਰ ਬੱਚਿਆਂ ਦੀ ਇਹ ਯਕੀਨੀ ਬਣਾਉਣ ਲਈ ਸਮੀਖਿਆ ਕੀਤੀ ਜਾਂਦੀ ਹੈ ਕਿ ਗੁੱਟ ਠੀਕ ਹੋ ਰਿਹਾ ਹੈ।



## ਹੋਰ ਜਾਣਕਾਰੀ

ਕ੍ਰਾਫਟ ਅਧਿਐਨ ਬਾਰੇ ਹੋਰ ਜਾਣਕਾਰੀ: **www.CRAFFTstudy.org**

## ਸੰਪਰਕ ਵੇਰਵੇ

ਫ਼ੋਨ: Enter phone number

ਈਮੇਲ: Enter email address

ਵੈੱਬ: Enter web address

ਪਤਾ: Enter hospital address

Click Here
to add your logo

